ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਐਸ.ਏ.ਐਸ ਨਗਰ,
ਫੋਨ ਨੰਬਰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),
ਸਮੂਹ ਸਕੂਲ ਮੁੱਖੀ (ਪ੍ਰਾਇਮਰੀ),
ਪੰਜਾਬ।

ਮੀਮੋ:- SCERT/PPPP/PRI./2021 307334 ਮਿਤੀ:- 06.09.2021

**ਵਿਸ਼ਾ: ਪ੍ਰਾਇਮਰੀ ਜਮਾਤਾਂ ਲਈ ਸਤੰਬਰ 2021 ਦੀ ਡੇਟਸ਼ੀਟ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਵਿੱਚ ਸੁਧਾਰ ਹਿੱਤ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਤਿਆਰੀ ਕਰਵਾਈ ਜਾ ਰਹੀ ਹੈ। ਵਿਦਿਆਰਥੀਆਂ ਦੇ ਸਿੱਖਣ ਪੱਧਰਾਂ ਵਿੱਚ ਸੁਧਾਰ ਕਰਨ ਲਈ ਸਤੰਬਰ ਮਹੀਨੇ ਦੌਰਾਨ ਪ੍ਰਾਇਮਰੀ ਸਕੂਲਾਂ ਦੇ ਤੀਸਰੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾਣਾ ਹੈ। ਇਸ ਸਬੰਧ ਵਿੱਚ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਤਿਆਰ ਕੀਤੀ ਗਈ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੈ:-

**ਡੇਟਸ਼ੀਟ ਸਤੰਬਰ 2021 (ਜਮਾਤ ਤੀਸਰੀ ਤੋਂ ਪੰਜਵੀਂ)**

| ਮਿਤੀ | ਦਿਨ | ਜਮਾਤ | | |
|---|---|---|---|---|
| | | ਤੀਸਰੀ | ਚੌਥੀ | ਪੰਜਵੀਂ |
| 13.09.2021 | ਸੋਮਵਾਰ | ਪੰਜਾਬੀ | ਪੰਜਾਬੀ | ਪੰਜਾਬੀ |
| 14.09.2021 | ਮੰਗਲਵਾਰ | ਗਣਿਤ | ਗਣਿਤ | ਗਣਿਤ |
| 15.09.2021 | ਬੁੱਧਵਾਰ | ਵਾਤਾਵਰਨ ਸਿੱਖਿਆ | ਵਾਤਾਵਰਨ ਸਿੱਖਿਆ | ਵਾਤਾਵਰਨ ਸਿੱਖਿਆ |
| 16.09.2021 | ਵੀਰਵਾਰ | ਅੰਗਰੇਜ਼ੀ | ਅੰਗਰੇਜ਼ੀ | ਅੰਗਰੇਜ਼ੀ |
| 17.09.2021 | ਸ਼ੁੱਕਰਵਾਰ | - | ਹਿੰਦੀ | ਹਿੰਦੀ |
| 18.09.2021 | ਸ਼ਨੀਵਾਰ | ਸਵਾਗਤ ਜ਼ਿੰਦਗੀ + ਆਮ ਗਿਆਨ | ਸਵਾਗਤ ਜ਼ਿੰਦਗੀ + ਆਮ ਗਿਆਨ | ਸਵਾਗਤ ਜ਼ਿੰਦਗੀ + ਆਮ ਗਿਆਨ |

2.0 ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਹੋਣ ਜਾ ਰਹੇ ਇਸ ਮੁਲਾਂਕਣ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ-:

2.1 ਤੀਸਰੀ ਤੋਂ ਪੰਜਵੀਂ ਜਮਾਤ ਦੇ ਹਰ ਵਿਸ਼ੇ ਲਈ ਮੁਲਾਂਕਣ ਪੱਤਰ ਮੁੱਖ ਦਫ਼ਤਰ ਵੱਲੋਂ ਭੇਜੇ ਜਾਣਗੇ। ਜਮਾਤ ਤੀਸਰੀ ਤੋਂ ਪੰਜਵੀਂ ਦੇ 20-20 ਬਹੁ-ਵਿਕਲਪੀ ਪ੍ਰਸ਼ਨ ਅਤੇ ਸਵਾਗਤ ਜ਼ਿੰਦਗੀ+ ਆਮ ਗਿਆਨ ਲਈ 5+5 ਬਹੁ-ਵਿਕਲਪੀ ਪ੍ਰਸ਼ਨ ਹੋਣਗੇ।

2.2 ਹਰ ਪ੍ਰਸ਼ਨ 2 ਅੰਕਾਂ ਦਾ ਹੋਵੇਗਾ।

2.3 ਮੁਲਾਂਕਣ ਦਾ ਸਿਲੇਬਸ ਅਗਸਤ ਮਹੀਨੇ ਤੱਕ ਦਾ ਹੋਵੇਗਾ।

2.4 ਅਧਿਆਪਕਾਂ ਵੱਲੋਂ ਹਰ ਬੱਚੇ ਦਾ ਮੁਲਾਂਕਣ ਯਕੀਨੀ ਬਣਾਇਆ ਜਾਵੇ।

2.5 ਤੀਸਰੀ ਤੋਂ ਪੰਜਵੀਂ ਜਮਾਤ ਲਈ ਮੁਲਾਂਕਣ ਦਾ ਸਮਾਂ ਇੱਕ ਘੰਟੇ ਦਾ ਹੋਵੇਗਾ। ਤੀਸਰੀ ਜਮਾਤ ਲਈ ਸਮਾਂ ਸਵੇਰੇ 9:00 ਵਜੇ ਤੋਂ 10:00 ਵਜੇ ਤੱਕ, ਪੰਜਵੀਂ ਜਮਾਤ ਲਈ 10:30 ਵਜੇ ਤੋਂ 11:30 ਵਜੇ ਤੱਕ ਅਤੇ ਚੌਥੀ ਜਮਾਤ ਲਈ 12:00 ਵਜੇ ਤੋਂ 1:00 ਵਜੇ ਤੱਕ ਦਾ ਹੋਵੇਗਾ। ਮੁਲਾਂਕਣ ਤੋਂ ਬਾਅਦ ਵਿਦਿਆਰਥੀਆਂ ਨੂੰ ਡੇਟਸ਼ੀਟ ਅਨੁਸਾਰ ਅਗਲੇ ਦਿਨ ਦਾ ਅਭਿਆਸ ਕਰਵਾਇਆ ਜਾਵੇਗਾ।

**ਸ. ਡਾਇਰੈਕਟਰ ਐੱਸ.ਸੀ.ਈ.ਆਰ.ਟੀ, ਪੰਜਾਬ।**

**ਪਿੱਠ ਅੰਕਣ ਨੰ:SCERT/PPPP/PRI./** ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ।
2. ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ. (ਐ.ਸਿ.), ਪੰਜਾਬ।

- ਸਹੀ -

**ਸ. ਡਾਇਰੈਕਟਰ ਐੱਸ. ਸੀ.ਈ.ਆਰ.ਟੀ, ਪੰਜਾਬ।**